**Series SGN**

**SET-4**

ਕੋਡ ਨੰ. **224**

ਰੋਲ ਨੰਬਰ | | | | | | |

Candidates must write the Code on the title page of the answer-book.

- ਕਿਰਪਾ ਕਰਕੇ ਨਿਰੀਖਣ ਕਰੋ ਲਵੋ ਕਿ ਇਸ ਪ੍ਰਸ਼ਨ ਪੱਤਰ ਤੇ ਛਪੇ ਹੋਏ **5** ਪੰਨੇ ਹਨ ।
- ਪ੍ਰਸ਼ਨ ਪੱਤਰ ਦੇ ਉੱਪਰ ਸੱਜੇ ਹੱਥ ਦਿੱਤੇ ਗਏ ਕੋਡ ਨੰ. ਨੂੰ ਪ੍ਰੀਖਿਆਰਥੀ ਉੱਤਰ ਪੁਸਤਿਕਾ ਦੇ ਮੁੱਖ ਪੰਨੇ ਤੇ ਜ਼ਰੂਰ ਲਿੱਖਣ ।
- ਕਿਰਪਾ ਕਰਕੇ ਦੇਖ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ **25** ਪ੍ਰਸ਼ਨ ਹਨ ।
- **ਕਿਰਪਾ ਕਰਕੇ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ, ਪ੍ਰਸ਼ਨ ਦਾ ਕ੍ਰਮਾਂਕ (ਸੀਰਿਅਲ ਨੰਬਰ) ਜ਼ਰੂਰ ਲਿੱਖੋ ।**
- ਇਸ ਪ੍ਰਸ਼ਨ ਪੱਤਰ ਨੂੰ ਪੜ੍ਹਨ ਦੇ ਲਈ 15 ਮਿੰਟ ਦਾ ਸਮਾਂ ਦਿੱਤਾ ਗਿਆ ਹੈ । ਪ੍ਰਸ਼ਨ ਪੱਤਰ ਸਵੇਰੇ 10.15 ਵਜੇ ਵੰਡੇ ਜਾਣਗੇ । 10.15 ਵਜੇ ਤੋਂ 10.30 ਵਜੇ ਤਕ ਪ੍ਰੀਖਿਆਰਥੀ ਕੇਵਲ ਪ੍ਰਸ਼ਨ ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇ ਵਿਚ ਉਹ ਉੱਤਰ ਪੁਸਤਿਕਾ ਵਿਚ ਕੋਈ ਉੱਤਰ ਨਹੀ ਲਿਖਣਗੇ ।

- Please check that this question paper contains **5** printed pages.
- Code number given on the right hand side of the question paper should be written on the title page of the answer-book by the candidate.
- Please check that this question paper contains **25** questions.
- **Please write down the Serial Number of the question before attempting it.**
- 15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the students will read the question paper only and will not write any answer on the answer-book during this period.

# ਗ੍ਰਹਿ ਵਿਗਿਆਨ (ਥਿਯੋਰੀ)

## (ਪੰਜਾਬੀ ਉਲਥਾ)

# HOME SCIENCE (Theory)

## (Punjabi Version)

*ਸਮਾਂ ਸੀਮਾ : 3 ਘੰਟੇ* — *ਪੂਰਨ ਅੰਕ : 70*

*Time allowed : 3 hours* — *Maximum Marks : 70*

***ਵਿਆਪਕ ਨਿਰਦੇਸ਼ :***

*(i)* ***ਸਾਰੇ*** *ਪ੍ਰਸ਼ਨ ਜਰੂਰੀ ਹਨ ।*

*(ii)* *ਇਸ ਪ੍ਰਸ਼ਨ ਪਤ੍ਰ ਵਿਚ ਕੁਲ* ***25*** *ਪ੍ਰਸ਼ਨ ਹਨ ।*

*(iii)* *ਪ੍ਰਸ਼ਨ ਸੰਖਿਆ* ***1 – 6*** *ਤਕ* ***1*** *ਅੰਕ ਦੇ ਪ੍ਰਸ਼ਨ ਹਨ, ਜਿਨ੍ਹਾਂ ਦੇ ਉੱਤਰ* ***ਇਕ ਜਾਂ ਦੋ*** *ਲਾਇਨਾਂ ਵਿਚ ਦਿਓ ।*

*(iv)* *ਪ੍ਰਸ਼ਨ ਸੰਖਿਆ* ***7 – 13*** *ਤਕ* ***2*** *ਅੰਕਾਂ ਦੇ ਪ੍ਰਸ਼ਨ ਹਨ, ਜਿਨ੍ਹਾਂ ਦੇ ਉੱਤਰ* ***10 – 20*** *ਸ਼ਬਦਾਂ ਵਿਚ ਦਿਓ ।*

*(v)* *ਪ੍ਰਸ਼ਨ ਸੰਖਿਆ* ***14 – 15*** *ਤਕ* ***3*** *ਅੰਕਾਂ ਦੇ ਪ੍ਰਸ਼ਨ ਹਨ, ਜਿਨ੍ਹਾਂ ਦੇ ਉੱਤਰ* ***20 – 30*** *ਸ਼ਬਦਾਂ ਵਿਚ ਦਿਓ ।*

*(vi)* *ਪ੍ਰਸ਼ਨ ਸੰਖਿਆ* ***16 – 21*** *ਤਕ* ***4*** *ਅੰਕਾਂ ਦੇ ਪ੍ਰਸ਼ਨ ਹਨ, ਜਿਨ੍ਹਾਂ ਦੇ ਉੱਤਰ* ***40*** *ਸ਼ਬਦਾਂ ਵਿਚ ਦਿਓ ।*

*(vii)* *ਪ੍ਰਸ਼ਨ ਸੰਖਿਆ* ***22 – 25*** *ਤਕ* ***5*** *ਅੰਕਾਂ ਦੇ ਪ੍ਰਸ਼ਨ ਹਨ, ਜਿਨ੍ਹਾਂ ਦੇ ਉੱਤਰ* ***50 – 60*** *ਸ਼ਬਦਾਂ ਵਿਚ ਦਿਓ ।*

*(viii)* *ਜਿਥੇ ਲੋੜ ਹੋਵੇ ਢੁਕਵਾਂ ਉਦਾਹਰਣ ਸਹਿਤ ਉੱਤਰ ਦਿਓ ।*

**1.** ਵਰਿਧੀ ਅਤੇ ਵਿਕਾਸ ਵਿਚ ਕੋਈ ਦੋ ਅੰਤਰ ਲਿੱਖੋ । *1*

**2.** ਇਕ ਸ਼ਕੱਰ ਰੋਗੀ ਗਰਭਵਤੀ ਇਸਤ੍ਰੀ ਦੇ ਲਈ ਕੋਈ ਦੋ ਖਾਣ ਵਾਲੇ ਪਦਾਰਥਾਂ ਦਾ ਸੁਝਾਅ ਦਿਓ । *1*

**3.** ਛੇ ਮਹੀਨੇ ਦੀ ਉਮਰ ਦੇ ਬੇਬੀ ਫਰਾਕ ਵਿਚ ਲੈ (ਰਵਾਨੀ) ਲਿਆਣ ਦੇ ਦੋ ਤਰੀਕੇ ਦਰਸਾਓ । *1*

**4.** ਪਾਣੀ ਨੂੰ ਪੀਣ ਯੋਗ ਬਨਾਣ ਦੇ ਲਈ ਕਿਸੇ ਦੋ ਤਕਨੀਕਾਂ ਦਾ ਵਰਣਨ ਕਰੋ । *1*

**5.** ਇਕ ਵਿਅਕਤੀ ਦੀ ਕਾਇਆ ਉਪਰ ਸਿਧੀਆਂ ਲਾਈਨਾ ਦੇ ਕਿਸੇ ਵੀ ਦੋ ਪ੍ਰਭਾਵਾਂ ਦੀ ਪਛਾਣ ਕਰੋ । *1*

**6.** ਪੋਸਟ ਆਫਿਸ ਦੀ ਆਵਰਤੀ ਜਮਾ ਯੋਜਨਾ (ਰੇਕਰਿੰਗ ਡਿਪੋਸਿਟ ਸਕੀਮ) ਦੀਆਂ ਕੋਈ ਵੀ ਦੋ ਵਿਸ਼ੇਸ਼ਤਾਵਾਂ ਲਿੱਖੋ । *1*

7. ਬਾਰ੍ਹਾਂ ਸਾਲ ਦਾ ਬੱਚਾ ਕਿਹੜੇ ਚਾਰ ਤਰੀਕਿਆਂ ਨਾਲ ਆਪਣੇ ਖਾਣ ਪੀਣ ਦੇ ਵਰਤਾਵ ਵਿਚ ਤਬਦੀਲੀ ਲਿਆ ਸਕਦਾ ਹੈ ? 2

8. "ਸਭਿਆਚਾਰ ਉਭਰਦੀ ਜਵਾਨੀ ਦੀ ਪਛਾਣ ਨੂੰ ਆਕਾਰ ਦੇਂਦਾ ਹੈ ।" ਕੋਈ ਦੋ ਉਦਾਹਰਣ ਦੇ ਕੇ ਇਸ ਕਥਨ ਦਾ ਵਿਸਤਾਰ ਕਰੋ । 2

9. 'ਐਮ.ਜੀ.ਏਨ.ਆਰ.ਈ.ਜੀ.ਏ.' (MGNREGA) ਦਾ ਵਿਸਤਾਰ ਰੂਪ ਲਿੱਖੋ । ਇਸ ਆਮਦਨ ਸਿਰਜਨ ਦੇ ਪ੍ਰੋਗਰਾਮ ਦੀਆਂ ਕੋਈ ਦੋ ਖਾਸ ਵਿਸ਼ੇਸ਼ਤਾਵਾਂ ਲਿੱਖੋ । 2

10. ਸ਼੍ਰੀਮਤੀ ਕੁਮਾਰ ਨੂੰ ਆਪਣੇ ਕਿਸ਼ੋਰ ਬੇਟੇ ਨੂੰ ਸੰਭਾਲਣਾ ਬੜਾ ਮੁਸਕਿਲ ਲਗ ਰਿਹਾ ਹੈ, ਜਿਸਨੇ ਅਕੇਲਾਪਨ ਢੂੰਢਨਾ ਸੁਰੂ ਕੀਤਾ ਹੈ ਅਤੇ ਜਿਸਨੇ ਉਸ ਉਪਰ ਲਗਾਏ ਪ੍ਰਤਿਬੰਧਾ ਤੇ ਨਾਪਸੰਦਗੀ ਦਰਸ਼ਾਈ ਹੈ । ਸ਼੍ਰੀਮਤੀ ਕੁਮਾਰ ਨੂੰ ਸਲਾਹ ਦਿਉ ਕਿ ਉਹ ਕਿਵੇਂ ਆਪਣੇ ਬੇਟੇ ਨਾਲ ਵਿਸ਼ੇਸ਼ ਸੰਬੰਧ ਵਿਕਸਤ ਕਰ ਸਕਦੀ ਹੈ ? 2

11. ਚਾਰ ਅਜੇਹੇ ਤਰੀਕੇ ਸੁਝਾਓ ਜਿਨ੍ਹਾਂ ਨਾਲ ਗ੍ਰਹਿ ਵਿਗਿਆਨ ਦਾ ਗਿਆਨ ਤੁਹਾਨੂੰ ਤੁਹਾਡੀ ਰੋਜ਼ਾਨਾ ਜ਼ਿੰਦਗੀ ਵਿਚ ਮਦਦ ਕਰ ਸਕਦਾ ਹੈ । 2

12. 'ਦਾਗ (ਧੱਬੇ)' ਦੀ ਪਰਿਭਾਸ਼ਾ ਲਿੱਖੋ । ਦਾਗ (ਧੱਬੇ) ਹਟਾਣ ਦੇ ਕਿਸੇ ਦੋ ਤਰੀਕਿਆਂ ਦੀ ਸੂਚੀ ਬਣਾਓ । 2

13. ਕਿਸੇ ਦੋ ਸਾਧਾਰਣ ਆਮ ਵਰਤੋਂ ਵਿਚ ਆਉਣ ਵਾਲੇ ਪ੍ਰਤੀਕਰਮਕਾਂ ਦੇ ਬਾਰੇ ਲਿੱਖੋ ਜਿਨ੍ਹਾਂ ਨੂੰ ਵਿਨੀਤਾ ਕਪੜੇ ਧੋਣ ਸਮੇ ਕਪੜਿਆਂ ਦੀ ਚਮਕ ਅਤੇ ਤਾਜ਼ਗੀ ਬਰਕਰਾਰ ਰੱਖਣ ਦੇ ਲਈ ਵਰਤੋਂ ਵਿਚ ਲਿਆ ਸਕਦੀ ਹੈ । 2

14. ਧੋਣ, ਸੁਕਾਣ ਅਤੇ ਇਸਤ੍ਰੀਕਰਨ ਦੇ ਸੰਬੰਧ ਵਿਚ ਇਕ ਸਿਲੀ-ਸਿਲਾਈ ਹਰੇ ਰੰਗ ਦੀ ਪੋਲਿਏਸਟਰ ਦੀ ਕਮੀਜ ਦੇ ਲਈ ਇਕ ਸੁਰਖਿਆ ਲੇਬਲ ਤਿਆਰ ਕਰੋ । 3

15. 'ਬਚਤ ਨੂੰ ਬਹੁਤ ਸਮਝਦਾਰੀ ਨਾਲ ਹੀ ਨਿਵੇਸ਼ ਕਰਨਾ ਚਾਹੀਦਾ ਹੈ ।' ਆਪਣੇ ਪਿਤਾਜੀ ਨੂੰ ਠੋਸ ਨਿਵੇਸ਼ ਦੇ ਕੋਈ ਤਿੰਨ ਸਿਧਾਂਤ ਢੁਕਵੇਂ ਉਦਾਹਰਣ ਦੇ ਕੇ ਸਮਝਾਓ । 3

16. ਕਵਿਤਾ ਨੂੰ ਆਪਣਾ ਰੋਜ਼ਾਨਾ ਖਰਚ ਦਾ ਲੇਖਾ ਡਾਇਰੀ ਵਿਚ ਲਿਖਣ ਦੀ ਆਦਤ ਨਹੀਂ ਹੈ । ਅਜੇਹਾ ਨਾ ਕਰਨ ਨਾਲ ਉਸ ਨੂੰ ਕਿਹੜੀਆਂ ਚਾਰ ਮੁਸ਼ਕਿਲਾਂ ਆ ਸਕਦੀਆਂ ਹਨ ? ਉਸਨੂੰ ਆਪਣੇ ਰੋਜ਼ਾਨਾ ਖਰਚ ਦਾ ਡਾਇਰੀ ਵਿਚ ਲੇਖਾ ਲਿਖਣ ਦੇ ਲਈ ਇਕ ਨਮੂਨਾ (ਪ੍ਰਾਰੂਪ) ਸੁਝਾਉ । 4

17. ਤੁਹਾਡੇ ਮਾਤਾਜੀ 250 ਲਿਟਰ ਖਮਤਾ ਦਾ ਦੋ ਦਰਵਾਜੇ ਵਾਲਾ (double door) ਫਰਿਜ ਖਰੀਦਣਾ ਚਾਹੁੰਦੀ ਹੈ । ਉਨ੍ਹਾਂ ਨੂੰ ਇਹ ਫੈਸਲਾ ਕਰਨਾ ਮੁਸ਼ਕਿਲ ਹੋ ਰਿਹਾ ਹੈ ਕਿ ਉਹ ਫਰਿਜ ਨੂੰ ਸ਼ੋਰੂਮ ਤੋਂ ਖਰੀਦਣ ਜਾਂ ਔਨ ਲਾਇਨ (ਇੰਟਰਨੇਟ ਦੀ ਸਹਾਇਤਾ ਨਾਲ) ਖਰੀਦੇ । ਦੋਹਾਂ ਤਰੀਕਿਆਂ ਨਾਲ ਫਰਿਜ ਖਰੀਦਣ ਦੇ ਕੋਈ ਦੋ ਲਾਭ ਅਤੇ ਦੋ ਨੁਕਸਾਨ ਦਸਦੇ ਆਪਣੇ ਮਾਤਾਜੀ ਨੂੰ ਫਰਿਜ ਖਰੀਦਣ ਦੇ ਲਈ ਫੈਸਲਾ ਕਰਨ ਵਿਚ ਮਦਦ ਕਰੋ । 4

18. ਭੋਜਨ ਵਿਚ ਵਿਗਾੜ ਹੋਣ ਦੇ ਕੋਈ ਚਾਰ ਕਾਰਨ ਲਿੱਖੋ । ਆਪਣੇ ਕੇਂਟਨੀਨ ਦੇ ਰਸੋਈਏ ਨੂੰ ਰਸੋਈ ਵਿਚ ਸਰੀਰ ਸੁਰਖਿਆ ਨਿਯਮਾਂ ਅਨੁਸਾਰ ਕੰਮ ਕਰਨ ਦੇ ਲਈ ਕਿਹੜੇ ਚਾਰ ਦਿਸ਼ਾ ਨਿਰਦੇਸ਼ ਦਿਓਗੇ ? 2+2

19. ਤੁਹਾਡੀ ਸਹੇਲੀ ਨੇ ਜਿਹੜਾ ਸ਼ਹਿਦ ਸਥਾਨਕ ਦੁਕਾਨਦਾਰ ਕੋਲੋਂ ਖਰੀਦਿਆਂ ਉਸਦਾ ਸਵਾਦ ਚੰਗਾ ਨਹੀਂ ਲੱਗਾ । ਇਸਦੇ ਕੀ ਸੰਭਾਵੀ ਕਾਰਨ ਹੋ ਸਕਦੇ ਹਨ ? ਉਸ ਮਿਲਾਵਟ ਦਾ ਨਾਮ ਲਿਖੋ ਜਿਸਦੀ ਹੋਂਦ ਹੋ ਸਕਦੀ ਹੈ ਅਤੇ ਉਸ ਮਿਲਾਵਟ ਦੀ ਹੋਂਦ ਨੂੰ ਜਾਂਚਣ ਦੇ ਤਰੀਕੇ ਦਾ ਵਰਣਨ ਕਰੋ । ਤੁਹਾਡੀ ਸਹੇਲੀ ਨੂੰ ਕਿਹੜੀਆਂ ਚਾਰ ਗਲਾਂ ਦਾ ਧਿਆਨ ਰਖਣਾ ਚਾਹੀਦਾ ਹੈ ਤਾਂਕਿ ਉਹ ਮਿਲਾਵਟ ਵਾਲੀ ਸ਼ਹਿਦ ਨਾ ਖਰੀਦੇ ? 4

20. ਕਪੜੇ ਦੀ ਚੋਣ ਨੂੰ ਫੈਸ਼ਨ ਅਤੇ ਆਮਦਨ ਕਿਵੇਂ ਪ੍ਰਭਾਵਤ ਕਰਦੇ ਹਨ ? ਦੋਹਾਂ ਦੇ ਦੋ–ਦੋ ਉਦਾਹਰਣ ਦੇ ਕੇ ਸਮਝਾਓ । 4

21. ਆਪਣੇ ਮਿੱਤਰ ਨੂੰ 'ਐਨੋਰੇਕਸਿਆ ਨਰਵੋਸਾ' ਦੇ ਕੋਈ ਚਾਰ ਕਾਰਨ ਅਤੇ ਚਾਰ ਨਤੀਜੇ ਦੱਸੋ । 4

22. ਬਣੇ ਬਣਾਏ ਰੇਸ਼ਮੀ (ਸਿਲਕ ਦੇ) ਸਲਵਾਰ ਕਮੀਜ਼ ਦੀ ਕਾਰੀਗਰੀ ਜਾਂਚਣ ਦੇ ਲਈ ਛੇ ਬਿੰਦੂਆਂ ਦੀ ਸੂਚੀ ਬਣਾਓ । ਇਸ ਨੂੰ ਸੰਭਾਲ ਕੇ ਰਖਣ ਦੇ ਸਮੇਂ ਤੁਸੀਂ ਕਿਹੜੀਆਂ ਚਾਰ ਸਾਵਧਾਨੀਆਂ ਵਰਤੋਗੇ ? 3+2=5

**23.** 'ਪਰਵਾਰਕ ਆਮਦਨ' ਤੋਂ ਤੁਸੀਂ ਕੀ ਸਮਝਦੇ ਹੋ ? *1+3+1=5*

(a) ਪਰਵਾਰਕ ਆਮਦਨ ਦੇ ਸਾਰੇ ਤਿੰਨ ਘਟਕਾਂ (ਭਾਗਾਂ) ਬਾਰੇ ਉੱਚਤ ਉਦਾਹਰਣਾਂ ਦੇ ਕੇ ਸਮਝਾਓ ।

(b) ਆਪਣੇ ਪਰਿਵਾਰ ਦੀ ਆਮਦਨ ਨੂੰ ਵਧਾਉਣ ਦੇ ਲਈ ਕੋਈ ਦੋ ਤਰੀਕੇ ਲਿੱਖੋ ।

**24.** ਆਪਦੇ ਕੋਲ ਇਕ ਕੰਮ ਕਰਨ ਵਾਲੀ ਬਾਈ ਦਾ ਛੇ ਮਹੀਨੇ ਦਾ ਬੱਚਾ ਹੈ, ਤੁਸੀਂ ਉਸ ਇਸਤ੍ਰੀ ਨੂੰ ਬੱਚੇ ਦੀ ਪੌਸ਼ਟਿਕਤਾ ਲਈ ਜ਼ਰੂਰਤਾਂ ਅਤੇ ਬੱਚੇ ਦੀ ਸਿਹਤ ਅਤੇ ਵਿਕਾਸ ਦੇ ਲਈ ਪਹਿਲੇ ਛੇ ਮਹੀਨੇ ਕੇਵਲ ਮਾਂ ਦੇ ਦੁਧ ਉਪਰ ਪਾਲਣ ਦੀ ਮਹਤਤਾ ਦੇ ਬਾਰੇ ਜਾਣਕਾਰੀ ਦਿਓ । ਉਸਨੂੰ ਬੱਚੇ ਦੀ ਖੁਰਾਕ ਦੀ ਪੂਰਣਤਾ ਦੇ ਲਈ ਕੋਈ ਚਾਰ ਆਹਾਰ ਵੀ ਸੁਝਾਓ । *1+2+2=5*

**25.** ਅਜਕਲ ਸਰਕਾਰ ਬਿਰਧਘਰ ਬਨਾਣੇ ਅਰੰਭ ਕਰ ਰਹੀ ਹੈ । ਕਿਸੇ ਬਿਰਧਘਰ ਵਿਚ ਕਿਹੜੀਆਂ ਛੇ ਮੁਖ ਸੁਵਿਧਾਵਾਂ ਦਾ ਹੋਣਾ ਜਰੂਰੀ ਹੈ ? ਕਿਸੇ ਬਿਰਧਘਰ ਵਿਚ ਰਹਿਣ ਦੇ ਦੋ ਲਾਭ ਅਤੇ ਦੋ ਕਮੀਆਂ ਦਾ ਵੇਰਵਾ ਦਿਓ । *5*